# MEASLES

Bury Council

ਮੀਜ਼ਲਜ਼ (ਖਸਰੇ) ਨਾਲ ਸਿਰਫ ਧੱਫੜ ਹੀ ਨਹੀਂ ਪੈਂਦੇ - ਇਹ ਖਤਰਨਾਕ ਹੋ ਸਕਦਾ ਹੈ, ਖਾਸ ਤੌਰ ਤੇ ਛੋਟੇ ਅਤੇ ਵੱਡੇ ਬੱਚਿਆਂ ਲਈ।

ਮੀਜ਼ਲਜ਼ ਮਾਨਚੈਸਟਰ ਭਰ ਵਿਚ ਫੈਲ ਰਹੇ ਹਨ। ਇਹ ਬਹੁਤ ਤੇਜ਼ੀ ਅਤੇ ਆਸਾਨੀ ਨਾਲ ਫੈਲ ਜਾਂਦੇ ਹਨ ਇਸ ਲਈ ਹੋਰ ਕੇਸ ਹੋਣ ਦੀ ਬਹੁਤ ਸੰਭਾਵਨਾ ਹੈ।

ਆਪਣੇ ਬੱਚੇ ਨੂੰ ਸੁਰੱਖਿਅਤ ਰੱਖਣ ਦਾ ਸਭ ਤੋਂ ਵਧੀਆ ਤਰੀਕਾ ਟੀਕਾ ਲਗਵਾਉਣਾ ਹੈ।

ਜੇ ਤੁਹਾਨੂੰ ਲਗਦਾ ਹੈ ਕਿ ਤੁਹਾਡੇ ਬੱਚੇ ਦੇ ਸਾਰੇ ਟੀਕੇ ਨਹੀਂ ਲੱਗੇ ਹਨ ਤਾਂ ਆਪਣੇ ਬੱਚੇ ਦੀ ਲਾਲ ਕਿਤਾਬ ਦੇਖੋ ਜਾਂ ਆਪਣੇ ਡਾਕਟਰ ਦੀ ਸਰਜਰੀ ਤੋਂ ਪਤਾ ਲਗਾਉ।

**ਜੇ ਤੁਹਾਨੂੰ ਲਗਦਾ ਹੈ ਕਿ ਤੁਹਾਡੇ ਬੱਚੇ ਨੂੰ ਮੀਜ਼ਲਜ਼ ਹੋਏ ਹਨ ਤਾਂ ਉਸ ਨੂੰ ਘਰ ਵਿਚ ਹੀ ਰੱਖੋ। ਸਲਾਹ ਲੈਣ ਲਈ ਆਪਣੇ ਡਾਕਟਰ ਜਾਂ ਐਨ ਐਚ ਐਸ ਨਾਲ ਸੰਪਰਕ ਕਰੋ - ਇਸ ਨੂੰ ਫੈਲਣ ਤੋਂ ਰੋਕਣ ਲਈ ਆਪਣੇ ਬੱਚੇ ਨੂੰ ਸਿਹਤ ਸੰਬੰਧੀ ਮਾਹਿਰ ਕੋਲ ਲੈ ਕੇ ਜਾਣ ਤੋਂ ਪਹਿਲਾਂ ਫੋਨ ਕਰ ਲਵੋ।**